# ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ

**www.chandigarh.gov.in**

# ਪ੍ਰੈਸ ਨੋਟ

ਚੰਡੀਗੜ੍ਹ, 22 ਜੁਲਾਈ :- ਪੰਜਾਬ ਦੇ ਰਾਜ਼ਪਾਲ ਅਤੇ ਚੰਡੀਗੜ੍ਹ ਪ੍ਰਸ਼ਾਸਕ ਸ਼੍ਰੀ ਸ਼ਿਵਰਾਜ਼ ਵੀ. ਪਾਟਿਲ ਨੇ ਅੱਜ ਕਲਾਗ੍ਰਾਮ ਦੇ ਹਰ ਕੋਨੇ ਦਾ ਦੌਰਾ ਕੀਤਾ ਅਤੇ ਕਿਹਾ ਕਿ ਇਹ ਭਾਰਤ ਦੀ ਕਲਾ ਅਤੇ ਸੰਸਕ੍ਰਿਤੀ ਦੇ ਅਮੀਰ ਸੱਭਿਆਚਾਰ ਨੂੰ ਪੁਨਰਜੀਵਿਤ ਕਰਨ ਅਤੇ ਸੰਭਾਲਣ ਦਾ ਇੱਕ ਮਹਾਨ ਉਪਰਾਲਾ ਹੈ।

ਕਲਾਗ੍ਰਾਮ ਵਿਚ ਡੂੰਘੀ ਦਿੱਲਚਸਪੀ ਦਿਖਾਉਂਦੇ ਹੋਏ ਗਵਰਨਰ ਨੇ ਕਿਹਾ ਕਿ ਸਾਨੂੰ ਆਉਣ ਵਾਲੇ ਸਮੇਂ ਵਿਚ ਅਜਿਹੀ ਰੀਤ ਸਥਾਪਿਤ ਕਰਨੀ ਹੈ ਜਿਸ ਨਾਲ ਸਾਡੇ ਨੌਜਵਾਨਾਂ ਅਤੇ ਬੱਚਿਆਂ ਦਾ ਭਵਿੱਖ ਵਧੀਆ ਬਣ ਸਕੇ। ਸਾਨੂੰ ਆਪਣੇ ਨੌਜਵਾਨਾਂ ਦੀ ਰੋਜ਼ ਦੀ ਜਿੰਦਗੀ ਵਿਚ ਸੱਭਿਆਚਾਰ ਦੀਆਂ ਅਮੀਰ ਕਦਰਾਂ ਕੀਮਤਾਂ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ। ਹੁਣ ਆਪਣੇ ਸੱਭਿਆਚਾਰ ਨੂੰ ਵਿਭੇਦਤਾ ਤੋਂ ਬਚਾਉਣ ਲਈ ਇਮਾਨਦਾਰ ਅਤੇ ਵਚਨਬੱਧ ਤਰੀਕੇ ਨਾਲ ਯਤਨ ਕਰਨ ਦੀ ਜਰੂਰਤ ਹੈ।